ਜਾਂਦਾ ਹੈ ਜਿਨ੍ਹਾਂ ਵਿੱਚ

**(ੳ) ਸਮਾਨਾਰਥਕ ਸ਼ਬਦ (Synonym),**

**(ਅ) ਵਿਰੋਧਾਰਥਕ ਸ਼ਬਦ (Antonym),**

**(ੲ) ਬਹੁ-ਆਰਥਕ ਸ਼ਬਦ (Polysemy),**

**(ਸ) ਸਮ ਨਾਮੀ ਅਤੇ ਸਮੂਹ-ਅਰਥਕ ਸ਼ਬਦ (Polysemy)।**

## (ੳ) ਸਮਾਨਾਰਥਕ ਸ਼ਬਦ (Synonyms)

ਸ਼ਬਦ ਕੋਸ਼ ਦੀ ਦ੍ਰਿਸ਼ਟੀ ਤੋਂ **ਬਹੁਤ ਸਾਰੇ ਸ਼ਬਦ ਅਜੇਹੇ ਹੁੰਦੇ ਹਨ ਜਿਨ੍ਹਾਂ ਦਾ ਇਕੋ ਅਰਥ ਹੁੰਦਾ ਹੈ। ਇਨ੍ਹਾਂ ਨੂੰ ਸਮਾਨਾਰਥਕ ਸ਼ਬਦ ਕਿਹਾ ਜਾਂਦਾ ਹੈ। ਇਨ੍ਹਾਂ ਦੇ ਬਾਹਰੀ ਅਰਥ ਇਕੋ ਜਿਹੇ ਹੀ ਹੁੰਦੇ ਹਨ ਪਰ ਅੰਦਰੂਨੀ ਅਰਥਾਂ ਵਿੱਚ ਕੁਝ ਕੁ ਵੱਖਰੇਵਾਂ ਜ਼ਰੂਰ ਰਹਿੰਦਾ ਹੈ।** ਜਿਵੇਂ, ਕਠਿਨ, ਔਖਾ, ਮੁਸ਼ਕਿਲ ਜਾਂ ਉਪਮਾ, ਉਸਤਤਿ, ਵੱਡਿਆਈ ਪ੍ਰਸ਼ੰਸਾ, ਤਾਰੀਫ਼ ਆਦਿ।

ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਸ ਤਰ੍ਹਾਂ ਦੇ ਇਕੋ ਅਰਥਾਂ ਵਾਲੇ ਵੱਖ-ਵੱਖ ਸ਼ਬਦ ਵੱਖ-ਵੱਖ, ਬੋਲੀਆਂ, ਭਾਸ਼ਾਵਾਂ ਤੋਂ ਆਏ ਹੁੰਦੇ ਹਨ। ਜਿਵੇਂ -

ਇੱਛਾ - ਪੰਜਾਬੀ,

ਖ਼ਾਹਿਸ਼ - ਫ਼ਾਰਸੀ

ਤਾਂਘ - ਸੰਸਕ੍ਰਿਤ

ਅਜੇਹੀ ਸ਼ਬਦਾਵਲੀ ਦੇ ਗਿਆਨ ਨਾਲ ਵਿਦਿਆਰਥੀ ਪਾਠਕ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੁੰਦਾ ਹੈ, ਭਾਵਾਂ ਨੂੰ ਪ੍ਰਗਟਾਉਣ ਦੇ ਨੇੜੇ ਦੇ ਅਰਥਾਂ ਵਾਲੇ ਸ਼ਬਦ ਵਰਤ ਸਕਦਾ ਹੈ ਤੇ ਵੱਖ-ਵੱਖ ਮੌਕਿਆਂ ਉੱਤੇ ਵੱਖ-ਵੱਖ ਸ਼ਬਦ ਵਰਤਣ ਦੇ ਯੋਗ ਹੋਣ ਕਾਰਣ ਅਕੇਵਾਂ ਮਹਿਸੂਸ ਨਹੀਂ ਕਰਦਾ। ਹੇਠਾਂ ਕੁਝ ਕੁ ਚੋਣਵੇਂ ਸਮਾਨ-ਆਰਥਕ ਸ਼ਬਦ ਦਿੱਤੇ ਜਾ ਰਹੇ ਹਨ :-

1. **ਉਜਾੜ** - ਸੁੰਨਸਾਨ, ਸੁੰਞ, ਬੀਆਬਾਨ।
2. **ਉੱਨਤੀ** - ਤਰੱਕੀ, ਖੁਸ਼ਹਾਲੀ, ਪ੍ਰਫੁੱਲਤਾ।

Scanned with CamScanner

3. **ਉਪਮਾ** - ਉਸਤਤ, ਪ੍ਰਸੰਸਾ, ਤਾਰੀਫ਼।
4. **ਉਪਰਾਮ** - ਉਦਾਸ, ਉਚਾਟ, ਮਾਯੂਸ, ਨਿਰਾਸ਼।
5. **ਉਪਾਸਨਾ** - ਪੂਜਾ, ਪ੍ਰਾਰਥਨਾ, ਅਰਾਧਨਾ।
6. **ਉਮੰਗ** - ਇੱਛਾ, ਖਾਹਿਸ਼, ਤਾਂਘ।
7. **ਉਮੀਦ** - ਇੱਛਾ, ਆਸ, ਕਾਮਨਾ।
8. **ਉਪੱਦਰ** - ਹੰਗਾਮਾ, ਹੁੱਲੜ, ਖ਼ਰੂਦ।
9. **ਉੱਜਲ** - ਸ਼ੁੱਧ, ਨਿਰਮਲ, ਸਾਫ਼।
10. **ਉਜਾਲਾ** - ਚਾਨਣਾ, ਪ੍ਰਕਾਸ਼, ਲੋਅ, ਰੋਸ਼ਨੀ।
11. **ਉਸਤਾਦ** - ਅਧਿਆਪਕ, ਸਿਖਿਅਕ, ਗੁਰੂ।
12. **ਊਣਾ** - ਹੋਛਾ, ਅਧੂਰਾ, ਅਪੂਰਨ।
13. **ਅਦਬ** - ਇੱਜ਼ਤ, ਮਾਣ, ਸਤਿਕਾਰ।
14. **ਅਦਭੁੱਤ** - ਅਸਚਰਜ, ਅਨੋਖਾ, ਵਿਚਿੱਤਰ।
15. **ਅਧਿਕ** - ਬਹੁਤ, ਚੋਖਾ, ਜ਼ਿਆਦਾ।
16. **ਅਪਵਿੱਤਰ** - ਅਸ਼ੁੱਧ, ਨਾਪਾਕ, ਗੰਦਾ।
17. **ਅਸਲ** - ਮੂਲ, ਬੀਜ, ਜੜ੍ਹ, ਯਥਾਰਥ।
18. **ਅਹੰਕਾਰ** - ਘੁਮੰਡ, ਅਭਿਮਾਨ, ਹੈਂਕੜ।
19. **ਅਕਲ** - ਬੁੱਧੀ, ਮੱਤ, ਸੀਰਤ।
20. **ਅੱਡਰਾ** - ਵੱਖਰਾ, ਅਲੱਗ, ਵੱਖ, ਭਿੰਨ।
21. **ਅੰਤ** - ਓੜਕ, ਛੇਕੜ, ਅਖ਼ੀਰ।
22. **ਆਕੀ** - ਵਿਦ੍ਰੋਹੀ, ਬਾਗੀ, ਵਿਰੋਧੀ।
23. **ਆਥਣ** - ਸੰਝ, ਸ਼ਾਮ, ਤ੍ਰਿਕਾਲਾਂ।
24. **ਆਪਣਾ** - ਜਾਤੀ, ਸ਼ਖ਼ਸੀ, ਨਿੱਜੀ।
25. **ਆਮ** - ਮਾਮੂਲੀ, ਨਿਰਵਿਸ਼ੇਸ਼, ਸਧਾਰਨ।
26. **ਆਦਰ** - ਸਤਿਕਾਰ, ਮਾਨ, ਇਜ਼ਤ, ਵਡਿਆਈ।
27. **ਅਰਥ** - ਮਤਲਬ, ਭਾਵ, ਮੰਤਵ।
28. **ਔਗੁਣ** - ਬੁਰਾਈ, ਦੋਸ਼, ਐਬ।
29. **ਅਕਾਸ਼** - ਗਗਨ, ਅਸਮਾਨ, ਅਰਸ਼।
30. **ਈਮਾਨ** - ਨਿਸ਼ਚਾ, ਵਿਸ਼ਵਾਸ, ਯਕੀਨ।
31. **ਇਨਸਾਨ** - ਆਦਮੀ, ਬੰਦਾ, ਮਨੁੱਖ, ਪੁਰਖ।

Scanned with CamScanner

32. **ਇਸਤਰੀ** - ਤ੍ਰੀਵੀਂ, ਨਾਰੀ, ਔਰਤ।
33. **ਸਿਆਣਾ** - ਬੁੱਧੀਮਾਨ, ਦਾਨਾ, ਅਕਲਮੰਦ।
34. **ਸੁਆਮੀ** - ਮਾਲਕ, ਪਤੀ, ਸਾਈਂ।
35. **ਸੁਹਣਾ** - ਸੁੰਦਰ, ਮਨੋਹਰ, ਹਸੀਨ।
36. **ਸੂਖਮ** - ਬਰੀਕ, ਨਾਜ਼ਕ, ਪਤਲਾ।
37. **ਸਖ਼ਤ** - ਮਜ਼ਬੂਤ, ਕਠੋਰ, ਕਰੜਾ।
38. **ਸੰਤੋਖ** - ਸਬਰ, ਸੰਤੁਸ਼ਟੀ, ਜੇਰਾ।
39. **ਸੰਗਤ** - ਸੰਜੋਗ, ਮੇਲ, ਢੋਅ।
40. **ਸਮਰੱਥ** - ਤਾਕਤਵਰ, ਬਲਵਾਨ, ਜ਼ੋਰਾਵਰ।
41. **ਹਤਿਆਰਾ** - ਕਾਤਲ, ਖ਼ੂਨੀ, ਜ਼ਾਲਮ।
42. **ਕੋਮਲ** - ਮੁਲਾਇਮ, ਕੂਲਾ, ਨਰਮ।
43. **ਖੁਸ਼ੀ** - ਪ੍ਰਸੰਨਤਾ, ਖੇੜਾ, ਅਨੰਦ।
44. **ਖੂਬੀ** - ਵਡਿਆਈ, ਗੁਣ, ਵਿਸ਼ੇਸ਼ਤਾ।
45. **ਖੁਸ਼ਬੂ** - ਮਹਿਕ, ਸੁਗੰਧ।
46. **ਗੁੱਸਾ** - ਕ੍ਰੋਧ, ਨਾਰਾਜ਼ਗੀ, ਕਹਿਰ।
47. **ਗ਼ੁਲਾਮੀ** - ਪ੍ਰਾਧੀਨਤਾ, ਅਧੀਨਤਾ, ਪਰਤੰਤਰਤਾ।
48. **ਛੋਟਾ** - ਨਿੱਕਾ, ਅਲਪ, ਲਘੂ।
49. **ਜੰਗ** - ਯੁੱਧ, ਸੰਗਰਾਮ, ਲੜਾਈ।
50. **ਜ਼ੁਲਮ** - ਅੱਤਿਆਚਾਰ, ਕਹਿਰ, ਸਿਤਮ।
51. **ਜਿਸਮ** - ਤਨ, ਦੇਹ, ਸਰੀਰ, ਬਦਨ।
52. **ਤਾਕਤ** - ਸ਼ਕਤੀ, ਜ਼ੋਰ, ਬਲ।
53. **ਥੋੜਾ** - ਘੱਟ, ਕਮ, ਕਾਫ਼ੀ।
54. **ਥੁੜ** - ਕਿਲੱਤ, ਘਾਟ, ਕਮੀ।
55. **ਦੋਸਤੀ** - ਯਰਾਨਾ, ਮਿੱਤਰਤਾ, ਪ੍ਰੇਮ।
56. **ਧਰਤੀ** - ਭੋਇੰ, ਭੂਮੀ, ਜ਼ਮੀਨ।
57. **ਨਫ਼ਾ** - ਫ਼ਾਇਦਾ, ਲਾਭ, ਮੁਨਾਫ਼ਾ।
58. **ਨਿਖੱਟੂ** - ਨਿਕੰਮਾ, ਵਿਹਲੜ, ਬੇਕਾਰ।
59. **ਪਤਲਾ** - ਮਾੜਾ, ਕਮਜ਼ੋਰ, ਦੁਰਬਲ।
60. **ਪੁਰਸ਼** - ਆਦਮੀ, ਬੰਦਾ, ਮਨੁੱਖ।

Scanned with CamScanner

61. **ਬਹਾਦਰ** - ਸੂਰਮਾ, ਯੋਧਾ, ਵੀਰ।
62. **ਭੁੱਲ** - ਕੋਤਾਹੀ, ਉਕਾਈ, ਗ਼ਲਤੀ।
63. **ਮਰਨਾ** - ਮੌਤ, ਮ੍ਰਿਤੂ, ਦੇਹਾਂਤ, ਸੁਰਗਵਾਸ।
64. **ਮੁਹਾਂਦਰਾ** - ਸ਼ਕਲ, ਨੁਹਾਰ, ਨਕਸ਼, ਚਿਹਰਾ।
65. **ਮਸਤੀ** - ਸਰੂਰ, ਖੁਮਾਰ, ਉਨਮਾਦ, ਲੋਰ।
66. **ਮੱਦਦ** - ਸਹਾਇਤਾ, ਹਮਾਇਤ, ਇਮਦਾਦ।
67. **ਰੁੱਖ** - ਦਰੱਖ਼ਤ, ਬ੍ਰਿਛ, ਪੇੜ।
68. **ਲੋਭ** - ਲਾਲਸਾ, ਲਾਲਚ, ਇੱਛਾ।
69. **ਵਰ** - ਅਸੀਸ, ਅਸ਼ੀਰਵਾਦ, ਮੰਗੇਤਰ, ਲਾੜਾ।
70. **ਵਸਤਰ** - ਕੱਪੜੇ, ਪਹਿਰਾਵਾ, ਪੁਸ਼ਾਕ।
71. **ਵੱਸੋਂ** - ਅਬਾਦੀ, ਰਿਹਾਇਸ਼, ਵਸੇਬਾ।
72. **ਵਹਿਮ** - ਭੁਲੇਖਾ, ਟਪਲਾ, ਚਿੰਤਾ।
73. **ਵਿਹਲਾ** - ਅਵਾਰਾ, ਨਿਕੰਮਾ, ਨਕਾਰਾ।
74. **ਵਰਖਾ** - ਮੀਂਹ, ਬਾਰਸ਼, ਬਰਸਾਤ।
75. **ਵੈਰੀ** - ਵਿਰੋਧੀ, ਸ਼ਤਰੂ, ਦੁਸ਼ਮਣ।
76. **ਵੈਰਾਗੀ** - ਤਿਆਗੀ, ਜੋਗੀ, ਸੰਨਿਆਸੀ।
77. **ਵਿਗੋਚਾ** - ਨੁਕਸਾਨ, ਹਾਨੀ, ਖਸਾਰਾ।

## (ਅ) ਬਹੁ-ਅਰਥਕ ਸ਼ਬਦ (Polysemys)

ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਅਜੇਹੇ ਸ਼ਬਦ ਵੀ ਹਨ ਜਿਨ੍ਹਾਂ ਦੀ ਵੱਖ-ਵੱਖ ਹਾਲਤਾਂ, ਮੌਕਿਆਂ ਅਤੇ ਸਥਿਤੀਆਂ ਵਿੱਚ ਵਰਤੇ ਜਾਂਦੇ ਹਨ, ਇਹ ਸ਼ਬਦ ਵੱਖੋ-ਵੱਖਰੇ ਅਰਥਾਂ ਦੇ ਧਾਰਨੀ ਹੁੰਦੇ ਹਨ ਜਿਨ੍ਹਾਂ ਕਰਕੇ ਇਨ੍ਹਾਂ ਨੂੰ ਬਹੁ-ਆਰਥਕ ਸ਼ਬਦ ਕਿਹਾ ਜਾਂਦਾ ਹੈ। ਇਹ ਸ਼ਬਦ ਬਗ਼ੈਰ ਕਿਸੇ ਤਬਦੀਲੀ ਦੇ ਨਾਂਵ, ਵਿਸ਼ੇਸ਼ਣਾਂ ਜਾਂ ਕਿਰਿਆ, ਕਿਰਿਆ ਵਿਸ਼ੇਸ਼ਣ ਦੇ ਤੌਰ ਤੇ ਵਰਤਣ ਯੋਗ ਹੁੰਦੇ ਹਨ ਜਿਵੇਂ :-

ਉੱਤਰ - (ਦਿਸ਼ਾ) ਸਾਡਾ ਘਰ ਉੱਤਰ ਦਿਸ਼ਾ ਵੱਲ ਹੈ।

ਉੱਤਰ - (ਜਵਾਬ) ਵਿਦਿਆਰਥੀ ਦਾ ਉੱਤਰ ਠੀਕ ਹੈ।

ਉੱਤਰ - (ਹੇਠਾਂ ਆਉਣਾ) ਉਹ ਕੋਠੇ ਤੋਂ ਉੱਤਰ ਆਇਆ ਹੈ।

**1. ਕੁਝ ਕੁ ਬਹੁ-ਆਰਥਕ ਸ਼ਬਦਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :-**

1. **ਉੱਚਾ** (ਉੱਚੀ ਥਾਂ, ਲੰਬਾਈ, ਚੰਗਾ ਚਰਿਤਰ)

ਉੱਚੀ ਥਾਂ : ਇਹ ਮਹਿਲ ਬਹੁਤ ਉੱਚਾ ਹੈ।

Scanned with CamScanner

ਲੰਮਾ : ਉੱਚਾ ਲੰਮਾ ਮਨੁੱਖ ਸੁੰਦਰ ਲੱਗਦਾ ਹੈ।

ਚੰਗਾ : ਉੱਚੇ ਵਿਹਾਰ ਵਾਲਾ ਮਨੁੱਖ ਆਦਰਯੋਗ ਹੁੰਦਾ ਹੈ।

2. **ਉਸਤਾਦ** (ਗੁਰੂ/ਅਧਿਆਪਕ, ਚਲਾਕ, ਨਿਪੁੰਨ)

ਗੁਰੂ : ਉਸਤਾਦ ਤੇ ਸ਼ਗਿਰਦ ਦਾ ਉੱਚਾ ਰਿਸ਼ਤਾ ਹੈ।

ਚਲਾਕ : ਰਾਮ ਬਹੁਤ ਉਸਤਾਦ ਹੈ, ਉਹ ਸਭ ਨੂੰ ਧੋਖਾ ਦੇ ਜਾਂਦਾ ਹੈ।

ਨਿਪੁੰਨ : ਉਹ ਆਪਣੇ ਕੰਮ ਵਿੱਚ ਉਸਤਾਦ ਹੈ।

3. **ਉੱਤਰ** (ਜਵਾਬ, ਪਾਸਾ, ਥੱਲੇ ਲਹਿਣਾ)

ਜਵਾਬ : ਉਸ ਨੇ ਕਰਾਰਾ ਉੱਤਰ ਦੇ ਕੇ ਮੋਹਨ ਨੂੰ ਚੁੱਪ ਕਰਵਾ ਦਿੱਤਾ।

ਉੱਤਰੀ ਪਾਸਾ : ਹਿਮਾਲੀਆ ਪਹਾੜ ਉੱਤਰ ਵਿੱਚ ਹੈ।

ਥੱਲੇ ਲਹਿਣਾ : ਖੂਹ ਦਾ ਪਾਣੀ ਉੱਤਰ ਗਿਆ ਹੈ।

4. **ਉੱਠ** (ਜਾਗਣਾ, ਉਪਜਣਾ/ਪੈਦਾ ਹੋਣਾ, ਖਲੋਣਾ, ਫੁੱਟਣਾ, ਮਰ ਜਾਣਾ)

ਜਾਗਣਾ : ਉੱਠ ! ਦਿਨ ਚੜ੍ਹ ਆਇਆ ਹੈ।

ਉਪਜਣਾ : ਸਭ ਕੁਝ ਮਿੱਟੀ ਵਿੱਚੋਂ ਉੱਠ ਕੇ ਮਿੱਟੀ ਵਿੱਚ ਮਿਲ ਜਾਂਦਾ ਹੈ।

ਖੜੇ ਹੋਣਾ : ਉੱਠ ! ਬੈਠੇ-ਬੈਠੇ ਥੱਕ ਗਏ ਹਾਂ।

ਫੁੱਟਣਾ : ਮੇਰੇ ਦਿਲ ਵਿੱਚ ਕਈ ਖਿਆਲ ਉੱਠ ਖਲੋਤੇ ਹਨ।

ਮਰ ਜਾਣਾ : ਹਰ ਕਿਸੇ ਨੇ ਇੱਕ ਨਾ ਇੱਕ ਦਿਨ ਧਰਤੀ ਤੋਂ ਉੱਠ ਜਾਣਾ ਹੈ।

5. **ਉਤਾਰ** (ਲਾਹੁਣਾ, ਤਬਦੀਲੀ, ਢਲਾਣ)

ਲਾਹੇ ਕਪੜੇ : ਉਹ ਆਪਣਾ ਉਤਾਰ ਮੰਗਤਿਆਂ ਨੂੰ ਦੇ ਦੇਂਦਾ ਹੈ।

ਜੀਵਨ 'ਚ ਤਬਦੀਲੀ : ਜ਼ਿੰਦਗੀ 'ਚ ਉਤਾਰ ਚੜ੍ਹਾਅ ਆਉਂਦੇ ਰਹਿੰਦੇ ਹਨ।

ਢਲਾਣ : ਪਹਾੜਾਂ ਵਿੱਚ ਉਤਾਰ ਉਪਰ ਸਾਈਕਲ ਤੇਜ਼ ਚਲਦਾ ਹੈ।

6. **ਅੱਕ** (ਬੂਟੇ ਦਾ ਨਾਂ, ਅੱਕਣਾ/ਤੰਗ ਆਉਣਾ)

ਇੱਕ ਬੂਟਾ : ਅੱਕ ਦਾ ਬੂਟਾ ਉਜਾੜਾਂ ਵਿੱਚ ਹੁੰਦਾ ਹੈ।

ਤੰਗ ਆਉਣਾ : ਮੈਂ ਗੱਲਾਂ ਸੁਣ-ਸੁਣ ਕੇ ਅੱਕ ਗਿਆ ਹਾਂ।

7. **ਅੰਬ** (ਛਿਲਕਾ, ਫ਼ਲ ਦਾ ਨਾਂ, ਥਕਾਵਟ)

ਛੋਲਿਆਂ ਦਾ ਛਿਲਕਾ : ਛੋਲਿਆਂ ਦਾ ਅੰਬ ਲਾਹ ਕੇ ਦਾਲ ਬਣਾਈ ਜਾਂਦੀ ਹੈ।

ਇੱਕ ਫਲ : ਅੰਬ ਬਹੁਤ ਰਸੇ ਹਨ।

ਥੱਕਣਾ : ਉਹ ਤੁਰ ਤੁਰ ਕੇ ਅੰਬ ਗਿਆ ਸੀ।

8. **ਆਕੜ** (ਘੁਮੰਡ, ਉਡੀਕ, ਮਾਵਾ, ਖਿਚਾਓ)

ਘੁਮੰਡ : ਪੈਸਾ ਪ੍ਰਾਪਤ ਕਰਕੇ ਉਹ ਬੜਾ ਆਕੜ ਗਿਆ ਹੈ।

Scanned with CamScanner

ਉਡੀਕ : ਤੁਹਾਡਾ ਰਾਹ ਵੇਖਦਿਆਂ-ਵੇਖਦਿਆਂ ਮੇਰੀ ਧੌਣ ਆਕੜ ਗਈ ਹੈ।
ਮਾਵਾ : ਮਾਇਆ ਲਗਾਉਣ ਨਾਲ ਕੱਪੜਾ ਆਕੜ ਜਾਂਦਾ ਹੈ।
ਖਿਚਾਓ : ਮੈਨੂੰ ਅੱਜ ਬੜੇ ਆਕੜ ਆ ਰਹੇ ਹਨ।

**9. ਆਨਾ** (ਸਿੱਕਾ, ਅੱਖ ਦਾ ਡੇਲਾ)
ਰੁਪਏ ਦਾ ਸੋਲ੍ਹਵਾਂ ਹਿੱਸਾ : ਛੇ ਪੈਸਿਆਂ ਦਾ ਆਨਾ ਹੁੰਦਾ ਸੀ ਅਤੇ ਸੋਲ੍ਹਾਂ ਆਨਿਆਂ ਦਾ ਰੁਪਈਆ।
ਅੱਖ ਦਾ ਡੇਲਾ : ਉਸ ਦੇ ਇੱਕ ਆਨੇ ਵਿੱਚ ਛਿੱਟਾ ਪੈ ਗਿਆ ਹੈ।

**10. ਅੱਗਾ** (ਅਗਲਾ ਪਾਸਾ, ਭਵਿਖ, ਮੌਕਾ, ਮੌਤ ਦਾ ਦਿਨ)
ਅਗਲਾ ਹਿੱਸਾ : ਇਸ ਘਰ ਦਾ ਅੱਗਾ ਬਹੁਤ ਸੁੰਦਰ ਹੈ।
ਭਵਿੱਖ : ਸੰਤ ਲੋਕ ਆਪਣਾ ਅੱਗਾ ਸੰਵਾਰਦੇ ਹਨ।
ਮੌਕਾ : ਅੱਗਾ-ਪਿੱਛਾ ਦੇਖਕੇ ਗੱਲ ਕਰਨੀ ਚਾਹੀਦੀ ਹੈ।
ਮੌਤ ਦਾ ਦਿਨ : ਉਸ ਦਾ ਜਿਉਂ ਜਿਉਂ ਅੱਗਾ ਨੇੜੇ ਆਇਆ ਉਹ ਚਿੰਤਤੁ ਹੋਇਆ।

**11. ਆਰੀ** (ਲਕੜ ਚੀਰਣ ਵਾਲਾ ਸੰਦ, ਵਾਂਝਾ, ਅੱਕ ਜਾਣਾ)
ਸੰਦ : ਤਰਖਾਣ ਆਰੀ ਨਾਲ ਲੱਕੜੀ ਚੀਰ ਰਿਹਾ ਸੀ।
ਵਾਂਝਾ : ਉਹ ਡਿੱਗ ਪਿਆ ਅਤੇ ਇੱਕ ਲੱਤੋਂ ਆਰੀ ਹੋ ਗਿਆ।
ਅੱਕ ਜਾਣਾ : ਇਹ ਕੰਮ ਕਰਦਾ ਆਰੀ ਹੋ ਗਿਆ।

**12. ਸੂਆ** (ਸ਼ੁਕ : ਤੋਤਾ, ਖਾਲ, ਜਣਨ ਕਿਰਿਆ, ਬੋਰੀਆਂ ਸੀਣ ਵਾਲਾ, ਦੰਦ)
ਸ਼ੁਕ : ਤੋਤਾ : ਪੰਜਵੇਂ ਗੁਰੂ ਸਾਹਿਬ ਦੇ ਸਮੇਂ ਤੋਤੇ ਨੂੰ ਸੂਆ ਵੀ ਕਿਹਾ ਜਾਂਦਾ ਸੀ।
ਖਾਲ : ਪਿਛਲੇ ਮਹੀਨੇ ਤੋਂ ਸੂਏ ਵਿੱਚ ਪਾਣੀ ਨਹੀਂ ਆ ਰਿਹਾ।
ਜਣਨ ਕਿਰਿਆ : ਇਸ ਮੱਝ ਦਾ ਪੂਰਾ ਸੂਆ ਮੈਂ ਚੁੰਘਿਆ।
ਸੀਉਣ ਵਾਲਾ : ਸੂਆ ਬੋਰੀਆਂ ਸੀਊਣ ਦੇ ਕੰਮ ਆਉਂਦਾ ਹੈ।
ਦੰਦ : ਬੱਚੇ ਨੇ ਉਪਰਲਾ ਸੂਆ ਕੱਢ ਲਿਆ ਹੈ।

**13. ਸੰਗ** (ਸਾਥ, ਸ਼ਰਮ, ਪੱਥਰ)
ਸ਼ਰਮ : ਮੈਨੂੰ ਵੱਡਿਆਂ ਕੋਲੋਂ ਸੰਗ ਆਉਂਦੀ ਹੈ।
ਸਾਥ : ਬੁਰੇ ਬੰਦਿਆਂ ਦਾ ਸੰਗ ਨੁਕਸਾਨ ਪਹੁੰਚਾਉਂਦਾ ਹੈ।
ਪੱਥਰ : ਇਹ ਮੂਰਤੀ ਸੰਗਮਰਮਰ ਦੀ ਬਣੀ ਹੋਈ ਹੈ।

**14. ਸਰ** (ਬਾਜੀ ਜਿੱਤਣਾ, ਤਾਸ਼ ਦੀ ਸਰ, ਘਾਹ, ਸਰੋਵਰ, ਤੀਰ, ਕੰਮ ਸਰਨਾ)
ਜਿੱਤਣਾ : ਯੋਧੇ ਹੀ ਮੈਦਾਨ ਸਰ ਕਰਦੇ ਹਨ।
ਤਾਸ਼ ਦੀ ਸਰ : ਮੈਂ ਪੰਜ ਸਰਾਂ ਬਣਾ ਕੇ ਤਾਸ਼ ਦੀ ਬਾਜ਼ੀ ਜਿੱਤੀ।

Scanned with CamScanner

ਘਾਹ (ਦੱਬ) : ਪੇਂਡੂ ਔਰਤਾਂ ਸਰ ਨਾਲ ਚੰਗੇਰਾਂ, ਛਿੱਕੂ ਬਣਾਉਂਦੀਆਂ ਸਨ।
ਸਰੋਵਰ : ਅੰਮ੍ਰਿਤਸਰ ਦੇ ਸਰ ਵਿੱਚ ਇਸ਼ਨਾਨ ਕਰਨ ਲਈ ਬਹੁਤ ਲੋਕ ਆਉਂਦੇ ਹਨ।

**15. ਸਤ** (ਸੱਚ, ਤੰਗ ਆਉਣਾ, ਧਰਮ, ਤਾਕਤ, ਪੁੰਨ, ਰਸ)

ਸੱਚ : ਗੁਰੂ ਉਪਦੇਸ਼ ਸਤ ਕਰਕੇ ਮੰਨਣੇ ਚਾਹੀਦੇ ਹਨ।
ਤੰਗ ਆਣਾ : ਮੈਂ ਤਾਂ ਉਸ ਦੀਆਂ ਗੱਲਾਂ ਸੁਣ-ਸੁਣ ਕੇ ਸਤ ਗਿਆ ਹਾਂ।
ਧਰਮ : ਚੰਗੀ ਇਸਤਰੀ ਸਤ ਕਾਇਮ ਰੱਖਦੀ ਹੈ।
ਤਾਕਤ : ਕਮਜ਼ੋਰ ਬੁੱਢੀ ਵਿੱਚ ਸਾਹ ਸਤ ਨਹੀਂ ਹੈ।
ਪੁੰਨ : ਗਰੀਬਾਂ ਦੀ ਮਦਦ ਕਰਕੇ ਸਤ ਕਮਾਉਣਾ ਚਾਹੀਦਾ ਹੈ।

**16. ਸੂਤ** (ਖਿੱਚਣਾ/ਸੂਤਣਾ, ਕੱਚਾ ਧਾਗਾ, ਠੀਕ, ਮਾਪ)

ਤਲਵਾਰ ਧੂਹਣਾ : ਵੈਰੀ ਨੂੰ ਵੇਖ ਕੇ ਜਵਾਨ ਨੇ ਤਲਵਾਰ ਸੂਤ ਲਈ।
ਕੱਚਾ ਧਾਗਾ : ਜੁਲਾਹੇ ਨੇ ਸੂਤ ਵੱਟ ਕੇ ਖੇਸ ਬਣਾਇਆ।
ਠੀਕ : ਹੁਣ ਉਹ ਬਿਲਕੁਲ ਸੂਤ ਹੋ ਗਿਆ ਹੈ।
ਮਾਪ : ਚਾਰ ਸੂਤ ਮੋਟਾ ਸ਼ੀਸ਼ਾ ਲਿਆਓ।

**17. ਹੱਸ** (ਹੱਸਣਾ, ਗਹਿਣਾ, ਗਲੇ ਦੀ ਹੱਡੀ)

ਗਲੇ ਦਾ ਗਹਿਣਾ : ਅਮੀਰ ਔਰਤ ਨੇ ਪੰਜ ਤੋਲੇ ਸੋਨੇ ਦਾ ਹੱਸ ਬਣਾਇਆ।
ਗਲੇ ਦੀ ਹੱਡੀ : ਕੋਠੇ ਤੋਂ ਡਿੱਗਣ ਨਾਲ ਉਸ ਦਾ ਹੱਸ ਟੁੱਟ ਗਿਆ।
ਹੱਸਣਾ : ਹੱਸਣਾ ਤੰਦਰੁਸਤੀ ਦੀ ਨਿਸ਼ਾਨੀ ਹੈ।

**18. ਹਾਰ** (ਬਾਜ਼ੀ ਹਾਰਨਾ, ਪ੍ਰਮਾਤਮਾ ਦਾ ਨਾਂ, ਵਾਂਗ, ਲੈ ਜਾਣ ਵਾਲਾ, ਗਹਿਣਾ)

ਬਾਜ਼ੀ ਹਾਰਨਾ : ਅਸੀਂ ਮੈਚ ਹਾਰ ਗਏ ਹਾਂ।
ਵਾਲਾ : ਰੱਖਣਹਾਰ ਦੇ ਰਾਹ ਨਿਆਰੇ ਹਨ।
ਦੀ ਤਰ੍ਹਾਂ : ਜੀਵਨ ਤਾਂ ਬੁਲਬਲੇ ਹਾਰ ਹੈ।
ਹਾਰਨ ਵਾਲਾ ਜਾਂ ਲੈ ਜਾਣ ਵਾਲਾ : ਉਹ ਕਿਸ ਦਾ ਪਾਣੀਹਾਰ ਹੈ।
ਮੋਤੀਆਂ ਜਾਂ ਫੁਲਾਂ ਦੀ ਮਾਲਾ : ਸੁਨਿਆਰੇ ਸੋਨੇ ਦੇ ਸੁੰਦਰ ਹਾਰ ਬਣਾਉਂਦੇ ਹਨ।

**19. ਕਾਲ** (ਸਮਾਂ, ਮੌਤ, ਥੁੜ, ਸੋਕਾ)

ਸਮਾਂ : ਇਹ ਮੁਸੀਬਤਾਂ ਦਾ ਕਾਲ ਹੈ।
ਮੌਤ : ਕਾਲ ਦਾ ਦਿਨ ਹਰ ਇੱਕ ਤੇ ਆਉਣ ਹੈ।
ਅਨਾਜ ਦੀ ਥੁੜ : ਦੇਸ਼ ਵਿੱਚ ਕਾਲ ਪੈ ਰਿਹਾ ਹੈ।
ਸੋਕਾ : ਮੀਂਹ ਨਾ ਪੈਣ ਕਾਰਣ ਕਾਲ ਪੈ ਗਿਆ ਹੈ।

Scanned with CamScanner

**20. ਕਾਰ** (ਗੱਡੀ, ਕੰਮ, ਕਰਨ ਵਾਲਾ, ਲਕੀਰ/ਰੇਖਾ)

ਮੋਟਰਕਾਰ : ਪੈਟਰੋਲ ਮਹਿੰਗਾ ਹੋਣ ਕਰਕੇ ਕਾਰ ਰੱਖਣੀ ਮੁਸ਼ਕਿਲ ਹੈ।

ਕਰਨ ਵਾਲਾ : ਸਵਰਨਕਾਰ ਗਹਿਣੇ ਬਣਾਉਂਦੇ ਹਨ।

ਕੰਮ : ਮੋਹਨ ਕੋਈ ਕਾਰ ਨਹੀਂ ਕਰਦਾ, ਸਾਰਾ ਦਿਨ ਵਿਹਲਾ ਰਹਿੰਦਾ ਹੈ।

ਲਕੀਰ : ਲਛਮਣ ਨੇ ਤੀਰ ਨਾਲ ਸੀਤਾ ਲਈ ਕਾਰ ਵਾਹ ਦਿੱਤੀ ਸੀ।

ਧਰਮ ਦਾ ਟੈਕਸ : (ਦਸਵੰਧ ਆਦਿ) ਸਿੱਖ ਗੁਰੂ ਚਰਨਾਂ ਵਿੱਚ ਕਾਰ ਭੇਂਟ ਕਰਦੇ ਹਨ।

**21. ਕੱਛ** (ਬਾਂਹ ਤੇ ਸਰੀਰ ਦੀ ਸਾਂਝੀ ਥਾਂ, ਸਫ਼ਰ, ਦੇਸ਼ ਦਾ ਨਾਂ, ਪਹਿਨਣ ਵਾਲਾ ਕਪੜਾ)

ਬਾਂਹ ਦੇ ਥੱਲੇ ਦਾ ਹਿੱਸਾ : ਮੇਰੀ ਕੱਛ ਵਿੱਚ ਜ਼ਖਮ ਹੈ।

ਪੈਂਡਾ ਮਾਰਨਾ : ਉਹ ਗਲੀਆਂ ਕੱਛਦਾ ਰਹਿੰਦਾ ਹੈ।

ਨਦੀ ਦੇ ਕਿਨਾਰੇ ਦੇ ਦੇਸ਼ ਨੂੰ ਵੀ 'ਕੱਛ' ਕਿਹਾ ਜਾਂਦਾ ਰਿਹਾ ਹੈ।

ਕਛਹਿਰਾ (ਵੱਡਾ ਜਾਂਘੀਆ) : ਅੰਮ੍ਰਿਤਧਾਰੀਆਂ ਲਈ ਪਜਾਮੇ ਹੇਠਾਂ ਕੱਛ ਪਾਣਾ ਜ਼ਰੂਰੀ ਹੈ।

**22. ਖੱਟੀ** (ਪੀਲੇ ਰੰਗ ਦੀ ਚੀਜ਼, ਸੁਆਦ, ਕਮਾਈ, ਫ਼ਲ)

ਪੀਲੇ ਰੰਗ ਦੀ ਚੀਜ਼ : ਖੱਟੀ ਚੁੰਨੀ ਤੁਹਾਨੂੰ ਬਹੁਤ ਫ਼ੱਬਦੀ ਹੈ।

ਸੁਆਦ ਦੀ ਤੁਰਸ਼ : ਲੱਸੀ ਬਹੁਤ ਖੱਟੀ ਹੈ।

ਕਮਾਈ : ਮਹਿੰਗਾਈ 'ਚ ਘੱਟ ਖੱਟੀ ਕਰਨ ਵਾਲਿਆਂ ਦਾ ਗੁਜ਼ਾਰਾ ਨਹੀਂ।

ਨਿੰਬੂ ਵਰਗਾ ਇੱਕ ਫਲ : ਬਾਗ ਵਿੱਚ ਖੱਟੀਆਂ ਲੱਗੀਆਂ ਹੋਈਆਂ ਹਨ।

**23. ਖੁੰਬ** (ਬਰਤਨ, ਸ਼ਬਜੀ ਦਾ ਨਾਂ, ਮਾਰਨਾ/ਕੁੱਟਣਾ, ਜਾਲ)

ਧੋਬੀ ਦਾ ਕਪੜੇ ਧੋਣ ਵਾਲਾ ਬ਼ਰਤਨ : ਧੋਬੀ ਕਪੜਿਆਂ ਨੂੰ ਖੁੰਬ ਵਿੱਚ ਪਾ ਕੇ ਭੱਠੀ ਤੇ ਚਾੜ੍ਹਦੇ ਹਨ।

ਸਬਜ਼ੀ : ਮੀਂਹ ਪਿੱਛੋਂ ਜ਼ਮੀਨ ਵਿੱਚੋਂ ਝੱਟ ਖੁੰਬਾਂ ਨਿਕਲ ਆਉਂਦੀਆਂ ਹਨ।

ਖੂਬ ਮਾਰਨਾ : ਮੈਂ ਉਸ ਦੀ ਖੂਬ ਖੁੰਬ ਠੱਪੀ।

ਖ਼ਾਰ ਦਾ ਜਾਲ : ਖੁੰਬ ਵਿੱਚ ਕਪੜਿਆਂ ਦੀ ਮੈਲ ਲੱਥ ਜਾਂਦੀ ਹੈ।

**24. ਹਾਲ** (ਸਮਾਂ, ਵੱਡਾ ਕਮਰਾ, ਹਾਲਤ/ਤਬੀਅਤ, ਬਿਰਤਾਂਤ (ਕਥਾ), ਮਸਤਾਨੀ ਅਵਸੱਥਾ)

ਵਰਤਮਾਨ ਕਾਲ : ਹਾਲ ਦੀ ਘੜੀ ਮੈਂ ਇਥੇ ਹੀ ਹਾਂ।

ਵੱਡਾ ਕਮਰਾ : ਕਾਲਜ ਦੇ ਹਾਲ ਵਿੱਚ ਹਜ਼ਾਰਾਂ ਬੱਚੇ ਬੈਠ ਸਕਦੇ ਹਨ।

Scanned with CamScanner

ਹਾਲਤ : ਹੁਣ ਤੇਰਾ ਕੀ ਹਾਲ ਹੈ ?

ਬਿਰਤਾਂਤ : ਚੋਰ ਵੇਖ ਕੇ ਉਸ ਦੇ ਹਾਲ ਦੁਹਾਈ ਪਾਈ।

ਮਸਤਾਨੀ ਅਵੱਸਥਾ : ਕੀਰਤਨ ਸੁਣਦਿਆਂ ਸੁਣਦਿਆਂ ਉਸ ਸੂਫ਼ੀ ਸੰਤ ਨੂੰ ਹਾਲ ਪੈ ਗਿਆ।

25. **ਕਹੀ** (ਕਿਹੋ ਜਿਹੀ, ਕਿਸਾਨੀ ਸੰਦ, ਕਹਿਣਾ, ਕਿਸੇ ਦਾ)

ਕਿਹੋ ਜਿਹੀ : ਕਹੀ ਵਚਿੱਤਰ ਤਸਵੀਰ ਹੈ।

ਸੰਦ : ਕਹੀ (ਕਸੀ) ਨਾਲ ਜ਼ਮੀਨ ਪੁੱਟ ਦਿਓ।

ਆਖੀ : ਇਸ ਨੇ ਕੀ ਗੱਲ ਕਹੀ ਹੈ ?

ਕਿਸੇ ਦਾ : ਸਾਨੂੰ ਕਹੀ ਦਾ ਹਿਆਓ ਨਹੀਂ ਦੁਖਾਉਣਾ ਚਾਹੀਦਾ।

26. **ਕੱਚਾ** (ਅਸਥਾਈ, ਕੱਚਾ ਰੰਗ, ਦਿਲ ਦੀ ਘਬਰਾਹਟ, ਅਣ-ਪੱਕਿਆ, ਸ਼ਰਮਿੰਦਾ, ਕਮਜ਼ੋਰ ਦਿਲ ਵਾਲਾ)

ਅਸਥਾਈਂ : ਅੱਜ ਉਸ ਦੀ ਨੌਕਰੀ ਕੱਚੀ ਹੈ।

ਉਤਰ ਜਾਣ ਵਾਲਾ (ਰੰਗ) : ਪਗੜੀ ਦਾ ਰੰਗ ਕੱਚਾ ਹੋਣ ਕਰਕੇ ਉਤਰ ਗਿਆ।

ਦਿਲ ਘਬਰਾਉਣਾ : ਖਰਬੂਜ਼ਾ ਖਾਣ ਪਿੱਛੋਂ, ਮੀਨਾ ਦਾ ਦਿਲ ਕੱਚਾ ਹੋਣ ਲੱਗਾ।

ਅਣ-ਪੱਕਿਆ : ਖਰਬੂਜ਼ਾ ਕੱਚਾ ਹੋਣ ਕਰਕੇ ਮਿੱਠਾ ਨਹੀਂ ਸੀ।

ਸ਼ਰਮਿੰਦਾ : ਸੱਚੀ ਗੱਲ ਮੂੰਹ 'ਤੇ ਸੁਣ ਕੇ ਉਹ ਕੱਚਾ ਹੋ ਗਿਆ।

ਜਿਸ ਦੇ ਮਨ ਵਿੱਚ ਨਿਸ਼ਚਾ ਨਾ ਹੋਵੇ : ਉਹ ਪਾਖੰਡੀ ਸਾਧੂ ਕੱਚਾ ਹੈ।

27. **ਕੰਡਾ** (ਭਾਰ ਤੋਲਣ ਵਾਲਾ ਸੰਦ, ਚੁੱਭਣ ਵਾਲਾ ਕੰਡਾ, ਰੁਕਾਵਟ)

ਵੱਡੀ ਤੱਕੜੀ : ਆਟਾ-ਚੱਕੀ ਦੇ ਮਾਲਕ ਦਾਣੇ ਤੋਲਣ ਲਈ ਕੰਡਾ ਵਰਤਦੇ ਹਨ।

ਸੁਨਿਆਰੇ ਦੀ ਤੱਕੜੀ : ਸੁਨਿਆਰੇ ਦੀ ਤਕੱੜੀ ਨੂੰ ਧਰਮਕੰਡਾ ਕਹਿੰਦੇ ਹਨ।

ਚੁੱਭਣ ਵਾਲਾ ਤਿੱਖਾ ਤੀਲਾ : ਮੇਰੇ ਪੈਰ ਵਿੱਚ ਕੰਡਾ ਚੁੱਭ ਗਿਆ ਹੈ।

ਰੁਕਾਵਟ ਜਾਂ ਦੁਸ਼ਮਣ : ਮੋਹਨ ਮੇਰੇ ਰਾਹ ਵਿੱਚ ਕੰਡਾ ਬਣਿਆ ਹੋਇਆ ਹੈ।

28. **ਖਾਤਰ** (ਸੇਵਾ ਭਾਵ, ਲਈ/ਵਾਸਤੇ, ਮਾਰਨਾ, ਪੱਖ)

ਸੇਵਾ ਭਾਵ : ਪ੍ਰਾਹੁਣਿਆਂ ਦੀ ਖਾਤਰ ਕਰਨਾ ਹਰ ਇੱਕ ਦਾ ਫਰਜ਼ ਹੈ।

ਵਾਸਤੇ : ਉਨ੍ਹਾਂ ਦੀ ਖਾਤਰ ਮੈਂ ਇਥੇ ਬੈਠਾ ਹੋਇਆ ਹਾਂ।

ਮਾਰਨਾ : ਮਖੌਲ ਕਰਨ 'ਤੇ ਕੁੜੀਆਂ ਨੇ ਉਸਦੀ ਜੁੱਤੀਆਂ ਨਾਲ ਖਾਤਰ ਕੀਤੀ।

ਪਾਸਾਦਾਰੀ ; ਪੱਖ ; ਹਰ ਕੋਈ ਆਪਸੀ ਧਿਰ ਦੀ ਖ਼ਾਤਰ ਕਰਦਾ ਹੈ।

29. **ਗੋਲਾ** (ਗੋਲਾਕਾਰ ਵਸਤੂ, ਬਾਰੂਦ, ਧਾਗੇ ਦਾ ਪਿੰਨਾ, ਰੋਗ, ਗ਼ੁਲਾਮ)

ਗੋਲਾਕਾਰ ਵਸਤੂ : ਲੋਹੇ ਦਾ ਗੋਲ਼ਾ (ਸ਼ਾਟ ਪੁੱਟ) ਖੇਡਣ ਦੇ ਕੰਮ ਆਉਂਦਾ ਹੈ।

Scanned with CamScanner

## (ਸ) ਵਿਰੋਧਾਰਥਕ ਸ਼ਬਦ (Antonyms)

ਵਿਰੋਧਾਰਥਕ ਸ਼ਬਦਾਂ ਦਾ ਗਿਆਨ ਦੇਣ ਦਾ ਮੰਤਵ ਵਿਦਿਆਰਥੀ ਦੇ ਸ਼ਬਦ ਭੰਡਾਰ ਵਿੱਚ ਵਾਧਾ ਕਰਨਾ ਹੈ। ਆਮ ਵਰਤੋਂ ਵਿੱਚ **ਕਈ ਵਾਰ, ਇਕ ਵਾਕ ਵਿੱਚ ਇਕ ਸ਼ਬਦ ਦੇ ਵਿਰੋਧੀ ਅਰਥ ਵਾਲੇ ਸ਼ਬਦ ਵਰਤਣ ਦੀ ਲੋੜ ਪੈਂਦੀ ਹੈ,** ਜਿਵੇਂ -

1. **ਉੱਚੀ** ਨਾ ਬੋਲ, **ਹੌਲੀ** ਬੋਲ, ਬਾਕੀ ਸ਼੍ਰੇਣੀਆਂ ਦੇ ਵਿਦਿਆਰਥੀ **ਦੂਰ** ਨਹੀਂ **ਨੇੜੇ** ਹੀ ਬੈਠੇ ਹਨ।

Scanned with CamScanner

2. ਦੁੱਖ ਅਤੇ ਸੁੱਖ ਜੀਵਨ ਵਿੱਚ ਆਉਂਦੇ ਤੇ ਜਾਂਦੇ ਹਨ ਪਰ ਬੰਦੇ ਨੂੰ ਇਮਾਨਦਾਰ ਰਹਿਣਾ ਚਾਹੀਦਾ ਹੈ, **ਬੇਈਮਾਨ** ਨਹੀਂ ਬਣਨਾ ਚਾਹੀਦਾ।

ਇਨ੍ਹਾਂ ਵਾਕਾਂ ਵਿੱਚ ਹੇਠ ਲਿਖੇ ਵਿਰੋਧਾਰਥਕ ਸ਼ਬਦਾਂ ਦੇ ਜੋੜੇ ਆਏ ਹਨ ;

| | |
|---|---|
| ਉੱਚੀ | ਹੌਲੀ |
| ਦੂਰ | ਨੇੜੇ |
| ਦੁੱਖ | ਸੁੱਖ |
| ਆਉਂਦੇ | ਜਾਂਦੇ |
| ਇਮਾਨਦਾਰ | ਬੇਈਮਾਨ |

ਕਿਸੇ ਸ਼ਬਦ ਦਾ ਕੋਈ ਵਿਰੋਧਾਰਥਕ ਸ਼ਬਦ ਕਿਸੇ ਖ਼ਾਸ ਪ੍ਰਸੰਗ ਵਿੱਚ ਹੀ ਹੁੰਦਾ ਹੈ। ਕਿਸੇ ਹੋਰ ਪ੍ਰਸੰਗ ਵਿੱਚ ਉਸ ਸ਼ਬਦ ਦਾ ਕੋਈ ਹੋਰ ਵਿਰੋਧਾਰਥਕ ਸ਼ਬਦ ਬਣ ਸਕਦਾ ਹੈ। ਜਿਵੇਂ :-

1. ਗਰਮੀਆਂ ਵਿੱਚ **ਪਤਲਾ** ਕੱਪੜਾ ਪਸੰਦ ਕੀਤਾ ਜਾਂਦਾ ਹੈ ਅਤੇ ਸਰਦੀਆਂ ਵਿੱਚ **ਗੜ੍ਹ**।

2. ਜੇ ਬੱਚੇ ਨੂੰ **ਗਾੜ੍ਹਾ** ਦੁੱਧ ਨਾ ਪਚੇ ਤਾ **ਪਤਲਾ** ਕਰਕੇ ਦੇਣਾ ਚਾਹੀਦਾ ਹੈ।

ਇਸ ਗਲ ਨੂੰ ਹੋਰ ਸਪੱਸ਼ਟ ਕਰਨ ਲਈ ਅਸੀਂ 'ਸੁੱਕਾ' ਅਤੇ 'ਪੱਕਾ' ਸ਼ਬਦਾਂ ਦੀਆਂ ਉਦਾਹਰਣਾਂ ਲੈਂਦੇ ਹਾਂ। ਅੱਗੇ ਦਿੱਤੇ ਵਾਕਾਂ ਵਿੱਚ ਵੱਖ-ਵੱਖ ਪ੍ਰਸੰਗਾਂ ਵਿੱਚ ਬਣਦੇ ਇਨ੍ਹਾਂ ਸ਼ਬਦਾਂ ਦੇ ਵਿਰੋਧਾਰਥਕ ਸ਼ਬਦ ਲਏ ਗਏ ਹਨ।

(ੳ) ਇਹ ਬੂਟਾ ਉੱਤੋਂ **ਸੁੱਕਾ** ਹੈ ਪਰ ਜੜ੍ਹ ਤੋਂ **ਹਰਾ** ਹੈ।

(ਅ) ਘੋੜੇ ਉੱਤੇ ਸਫ਼ਰ ਕਰਦਿਆਂ ਰਾਹ ਦਾ ਕੋਈ ਫ਼ਰਕ ਨਹੀਂ ਪੈਂਦਾ, **ਗਿੱਲਾ** ਹੋਵੇ ਭਾਵੇਂ **ਸੁੱਕਾ**।

(ੲ) 1995 ਤੱਕ ਮੈਂ **ਕੱਚਾ** ਕਰਮਚਾਰੀ ਰਿਹਾ, ਹੁਣ ਮੈਂ **ਪੱਕਾ** ਹਾਂ।

(ਸ) ਠੋਲਾ ਮਾਰ ਕੇ ਵੇਖਣ ਨਾਲ ਆਵਾਜ਼ ਤੋਂ **ਪੱਕਾ** ਅਤੇ **ਪਿੱਲਾ** ਭਾਂਡਾ ਪਛਾਣਿਆ ਜਾਂਦਾ ਹੈ।

(ਹ) **ਕੱਚਾ** ਅੰਬ ਅਚਾਰ ਦੇ ਕੰਮ ਆਉਂਦਾ ਹੈ, ਪਰ **ਪੱਕਾ** ਇਸੇ ਤਰ੍ਹਾਂ ਖਾ ਸਕਦੇ ਹਾਂ।

**ਕੁਝ ਸ਼ਬਦ ਅਜਿਹੇ ਵੀ ਸ਼ਬਦ ਹਨ ਜਿਨ੍ਹਾਂ ਦਾ ਵਿਰੋਧਾਰਥਕ ਸ਼ਬਦ ਅਗੇਤਰ ਲਾ ਕੇ ਬਣਦਾ ਹੈ,** ਜਿਵੇਂ :-

Scanned with CamScanner

**ਅਗੇਤਰ ਲਾ ਕੇ**

| | |
|---|---|
| ਸਫ਼ਲ | ਅਸਫ਼ਲ (ਅ+ਸਫ਼ਲ) |
| ਆਸ | ਨਿਰਾਸ (ਨਿਰ+ਆਸ) |
| ਪੜ੍ਹਿਆ | ਅਣਪੜ੍ਹਿਆ (ਅਣ+ਪੜ੍ਹਿਆ) |
| ਹਾਜ਼ਰ | ਗ਼ੈਰਹਾਜ਼ਰ (ਗ਼ੈਰ+ਹਾਜ਼ਰ) |
| ਸਮਰਥ | ਅਸਮਰਥ (ਅ+ਸਮਰਥ) |

ਕੁਝ ਅਜਿਹੇ ਸ਼ਬਦ ਹਨ ਜਿਨ੍ਹਾਂ ਅੱਗੇ ਵੱਖ-ਵੱਖ ਅਗੇਤਰ ਲੱਗਣ ਨਾਲ ਵਿਰੋਧਾਰਥਕ ਜੋੜੇ ਬਣਦੇ ਹਨ, ਜਿਵੇਂ –

| | | | |
|---|---|---|---|
| (ਆਕਾਰ) | ਸਾਕਾਰ | (ਸ+ਆਕਾਰ) | ਨਿਰਾਕਾਰ (ਨਿਰ+ਆਕਾਰ) |
| (ਜੋਗ) | ਸੰਜੋਗ | (ਸੰ+ਜੋਗ) | ਵਿਜੋਗ (ਵਿ+ਜੋਗ) |
| (ਵੇਲਾ) | ਸੁਵੇਲਾ | (ਸੁ+ਵੇਲਾ) | ਕੁਵੇਲਾ (ਕੁ+ਵੇਲਾ) |
| (ਆਚਾਰ) | ਦੁਰਾਚਾਰ | (ਦੁਰ+ਆਚਾਰ) | ਸਦਾਚਾਰ (ਸਦ+ਆਚਾਰ) |

ਪੰਜਾਬੀ ਵਿੱਚ ਵਿਰੋਧਾਰਥਕ ਸ਼ਬਦਾਂ ਦੇ ਜੋੜਿਆਂ ਵਿੱਚੋਂ ਕੁੱਝ ਕੁ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :-

**(i) ਕਿਰਿਆ ਸ਼ਬਦ**

| | | | |
|---|---|---|---|
| ਉਸਰਨਾ | ਢਹਿਣਾ, ਢੱਠਣਾ | ਉੱਜੜਨਾ | ਵੱਸਣਾ |
| ਉੱਤਰਨਾ | ਚੜ੍ਹਨਾ | ਉਲਝਣਾਂ | ਸੁਲਝਣਾ |
| ਸਲਾਹੁਣਾ | ਨਿੰਦਣਾ, ਭੰਡਣਾ | ਸੁਆਰਨਾ | ਵਿਗਾੜਨਾ |
| ਸੁੱਟਣਾ | ਚੁੱਕਣਾ | ਸੁਧਰਨਾ | ਵਿਗੜਨਾ |
| ਖ਼ਰੀਦਣਾ | ਵੇਚਣਾ | ਗੁਆਚਣਾ | ਮਿਲਣਾ, ਲੱਭਣਾ |
| ਘਟਣਾ | ਵਧਣਾ | ਚੜ੍ਹਨਾ | ਉੱਤਰਨਾ, ਲਹਿਣਾ |
| ਛੱਡਣਾ | ਫੜਨਾ | ਜਗਣਾ | ਬੁਝਣਾ |
| ਜਿੱਤਣਾ | ਹਾਰਨਾ | ਤਾਰਨਾ | ਡੋਬਣਾ |
| ਪੁੱਟਣਾ | ਦੱਬਣਾ, ਗੱਡਣਾ, ਲਾਉਣਾ | ਬੰਨ੍ਹਣਾ | ਖੋਲ੍ਹਣਾ |
| ਭਿੱਜਣਾ | ਸੁੱਕਣਾ | ਮੰਨਣਾ | ਰੁੱਸਣਾ, ਮੁੱਕਰਨਾ |

**(ii) ਨਾਂਵ ਸ਼ਬਦ**

| | | | |
|---|---|---|---|
| ਉੱਦਮ | ਆਲਸ | ਉੱਚ | ਨੀਚ |
| ਅੱਗਾ | ਪਿੱਛਾ | ਅਗਾੜੀ | ਪਿਛਾੜੀ |
| ਅਜ਼ਾਦੀ | ਗ਼ੁਲਾਮੀ | ਅਮਨ | ਜੰਗ |
| ਔਖ | ਸੌਖ | ਆਸ਼ਾ | ਨਿਰਾਸ਼ਾ |

Scanned with CamScanner

| | | | |
|---|---|---|---|
| ਸੁਚੱਜਾ | ਕੁਚੱਜਾ | ਸੁਖੀ | ਦੁਖੀ |
| ਆਮਦਨ | ਖ਼ਰਚ | ਨੇਕੀ | ਬਦੀ |
| ਸੱਚ | ਝੂਠ | ਸੱਜਣ | ਵੈਰੀ, ਦੁਰਜਨ |
| ਸੁਸਤੀ | ਚੁਸਤੀ | ਸੁੱਖ | ਦੁੱਖ |
| ਸੁਖਾਂਤ | ਦੁਖਾਂਤ | ਸਪੁੱਤਰ | ਕਪੁੱਤਰ |
| ਹਨੇਰਾ | ਚਾਨਣਾ | ਹਰਾਮ | ਹਲਾਲ |
| ਹਾਨ | ਲਾਭ | ਹਾਰ | ਜਿੱਤ |
| ਹਿੰਸਾ | ਅਹਿੰਸਾ | ਗਰਮੀ | ਸਰਦੀ |
| ਚੰਗਿਆਈ | ਬੁਰਿਆਈ | ਗੁਰੂ | ਚੇਲਾ |
| ਦੇਸ | ਪਰਦੇਸ਼ | ਨਰਕ | ਸੁਰਗ |

## (iii) ਵਿਸ਼ੇਸ਼ਣ ਸ਼ਬਦ

| | | | |
|---|---|---|---|
| ਉੱਚਾ | ਨੀਵਾਂ | ਉਲਟਾ | ਸਿੱਧਾ |
| ਉਤਲਾ | ਹੇਠਲਾ | ਅਸਲੀ | ਨਕਲੀ |
| ਅਗਲਾ | ਪਿਛਲਾ | ਅੰਦਰਲਾ | ਬਾਹਰਲਾ |
| ਅਮੀਰ | ਗ਼ਰੀਬ | ਆਸਤਿਕ | ਨਾਸਤਿਕ |
| ਆਮ | ਖ਼ਾਸ | ਸਸਤਾ | ਮਹਿੰਗਾ |
| ਸੰਘਣਾ | ਵਿਰਲਾ | ਸੁੱਚਾ | ਜੂਠਾ |
| ਸੂਮ | ਸੁਖੀ | ਕੁਆਰਾ | ਵਿਆਹਿਆ |
| ਕੌੜਾ | ਮਿੱਠਾ | ਬਰੀਕ | ਮੋਟਾ |
| ਗੂੜ੍ਹਾ | ਫਿੱਕਾ | ਘਟੀਆ | ਵਧੀਆ |
| ਠੀਕ | ਗ਼ਲਤ | ਢਿੱਲਾ | ਕੱਸਿਆ |
| ਤਕੜਾ | ਮਾੜਾ | ਤਿੱਖਾ | ਖੁੰਢਾ |
| ਥੋੜ੍ਹਾ | ਬਹੁਤ | ਨਵਾਂ | ਪੁਰਾਣਾ |
| ਨੰਗਾ | ਕੱਜਿਆ, ਢਕਿਆ | ਭਰਿਆ | ਖਾਲੀ |